Department of Education
GOVERNMENT OF WESTERN AUSTRALIA

# 11ਵੀਂ ਅਤੇ 12ਵੀਂ ਜਮਾਤ ਲਈ ਚੋਣਾਂ ਕਰਨਾ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਵਿਦਿਆਰਥੀ ਯੂਨੀਵਰਸਿਟੀ ਪੜ੍ਹਾਈ ਵਿੱਚ ਦਿਲਚਸਪੀ ਰੱਖਦੇ ਹੋ ਸਕਦੇ ਹਨ, ਉਨ੍ਹਾਂ ਦੇ ਦਿਮਾਗ ਵਿੱਚ ਕੋਈ ਵਿਸ਼ੇਸ਼ ਕਿੱਤਾ ਹੋ ਸਕਦਾ ਹੈ ਜਿਸ ਵਿੱਚ ਅੱਗੇ ਦੀ ਸਿੱਖਿਆ ਅਤੇ ਸਿਖਲਾਈ ਲੈਣੀ ਸ਼ਾਮਲ ਹੋਵੇਗੀ, ਜਾਂ ਸਕੂਲ ਛੱਡਣ ਤੋਂ ਬਾਅਦ ਨੌਕਰੀ ਕਰਨ ਦਾ ਇਰਾਦਾ ਹੋ ਸਕਦਾ ਹੈ। 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਬਹੁਤ ਸਾਰੇ ਵਿਕਲਪ ਉਪਲਬਧ ਹਨ ਜੋ ਯੂਨੀਵਰਸਿਟੀ, ਸਿਖਲਾਈ ਅਤੇ ਰੁਜ਼ਗਾਰ ਲਈ ਕਈ ਰਸਤੇ ਪ੍ਰਦਾਨ ਕਰਦੇ ਹਨ।

### 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੋਰਸ ਅਤੇ ਪ੍ਰੋਗਰਾਮ ਵਿਕਲਪ।

| ਵਿਕਲਪ | ਵਿਕਲਪ ਵਰਣਨ |
|---|---|
| **ATAR ਕੋਰਸ** | ਆਸਟ੍ਰੇਲੀਆ ਦੀ ਡਿਗਰੀ ਦੀ ਪੜ੍ਹਾਈ ਲਈ ਦਾਖਲਾ ਰੈਂਕ (ATAR) ਕੋਰਸਾਂ ਵਿੱਚ ਆਮ ਤੌਰ 'ਤੇ ਅਕਾਦਮਿਕ ਪ੍ਰਾਪਤੀ 'ਤੇ ਧਿਆਨ ਕੇਂਦਰਿਤ ਹੁੰਦਾ ਹੈ। ATAR ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦਿਆਰਥੀਆਂ ਨੂੰ 12ਵੀਂ ਜਮਾਤ ਦੇ ਘੱਟੋ-ਘੱਟ ਚਾਰ ATAR ਕੋਰਸ ਪੂਰੇ ਕਰਨ ਦੀ ਲੋੜ ਹੁੰਦੀ ਹੈ। ਹਾਲਾਂਕਿ ਇਹ ਆਮ ਤੌਰ 'ਤੇ ਯੂਨੀਵਰਸਿਟੀ ਦੀ ਪੜ੍ਹਾਈ ਤੱਕ ਪਹੁੰਚ ਕਰਨ ਲਈ ਕੀਤੇ ਜਾਂਦੇ ਹਨ, ATAR ਕੋਰਸ ਵੀ ਕਈ ਕਿਸਮ ਦੇ ਕਿੱਤਾਮੁਖੀ ਸਿਖਲਾਈ ਸਮੇਤ ਪੋਸਟ-ਸਕੂਲ ਮਾਰਗਾਂ ਲਈ ਸ਼ਾਨਦਾਰ ਤਿਆਰੀ ਹਨ। |
| **ਜਨਰਲ ਕੋਰਸ** | ਇਹ ਕੋਰਸ ਮੁੱਖ ਤੌਰ 'ਤੇ ਉਹਨਾਂ ਵਿਦਿਆਰਥੀਆਂ ਲਈ ਹਨ ਜੋ ਆਮ ਤੌਰ 'ਤੇ ਸਕੂਲ ਛੱਡਣ ਤੋਂ ਬਾਅਦ ਹੋਰ ਕਿੱਤਾਮੁਖੀ ਸਿਖਲਾਈ ਜਾਂ ਨੌਕਰੀ ਕਰਨ ਦਾ ਟੀਚਾ ਰੱਖਦੇ ਹਨ। ਜਨਰਲ ਕੋਰਸਾਂ ਵਿੱਚ ATAR ਕੋਰਸਾਂ ਵਾਂਗ ਬਾਹਰੀ ਤੌਰ 'ਤੇ ਨਿਰਧਾਰਤ ਪ੍ਰੀਖਿਆਵਾਂ ਨਹੀਂ ਹੁੰਦੀਆਂ ਹਨ, ਪਰ ਉਨ੍ਹਾਂ ਕੋਲ 12ਵੀਂ ਜਮਾਤ ਵਿੱਚ ਵਿਦਿਆਰਥੀ ਦੇ ਸਮੁੱਚੇ ਮੁਲਾਂਕਣ ਦੇ 15 ਪ੍ਰਤੀਸ਼ਤ ਜਿੰਨ੍ਹਾਂ ਬਾਹਰੀ ਤੌਰ 'ਤੇ ਨਿਰਧਾਰਤ ਕੀਤਾ ਗਿਆ ਲਾਜ਼ਮੀ ਟਾਸਕ ਹੁੰਦਾ ਹੈ। ਵਿਦਿਆਰਥੀ ਯੂਨੀਵਰਸਿਟੀ ਦੇ ਕੁੱਝ ਕੋਰਸਾਂ ਲਈ ਵਿਕਲਪਕ ਦਾਖਲਾ ਮਾਰਗ ਦੇ ਹਿੱਸੇ ਵਜੋਂ ਕੁੱਝ ਆਮ ਕੋਰਸਾਂ ਦੀ ਵਰਤੋਂ ਕਰਨ ਦੇ ਯੋਗ ਹੋ ਸਕਦੇ ਹਨ। |
| **ਫਾਊਂਡੇਸ਼ਨ ਕੋਰਸ** | ਉਨ੍ਹਾਂ ਵਿਦਿਆਰਥੀਆਂ ਲਈ ਤਿਆਰ ਕੀਤੇ ਗਏ ਹਨ ਜਿਨ੍ਹਾਂ ਨੂੰ 12ਵੀਂ ਜਮਾਤ ਦੇ ਮੁਕੰਮਲ ਹੋਣ ਤੋਂ ਪਹਿਲਾਂ ਸਾਖਰਤਾ ਅਤੇ/ਜਾਂ ਅੰਕਾਂ ਦੇ ਘੱਟੋ-ਘੱਟ ਮਾਪਦੰਡਾਂ ਨੂੰ ਪ੍ਰਾਪਤ ਕਰਨ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਇਹ ਕੋਰਸ ਕਾਰਜਯੋਗਤਾ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰ, ਵਿਹਾਰਕ ਕੰਮ ਨਾਲ ਸੰਬੰਧਿਤ- ਅਨੁਭਵ ਅਤੇ ਜੀਵਨ ਅਤੇ ਕੰਮ ਲਈ ਮਹੱਤਵਪੂਰਨ ਨਿੱਜੀ ਹੁਨਰਾਂ ਦਾ ਨਿਰਮਾਣ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।<br>ਫਾਊਂਡੇਸ਼ਨ ਕੋਰਸਾਂ ਵਿੱਚ ਇਮਤਿਹਾਨਾਂ ਨਹੀਂ ਹੁੰਦੇ ਹਨ, ਉਨ੍ਹਾਂ ਵਿੱਚ 12ਵੀਂ ਜਮਾਤ ਵਿੱਚ ਬਾਹਰੀ ਤੌਰ 'ਤੇ ਨਿਰਧਾਰਤ ਕੀਤਾ ਗਿਆ ਇੱਕ ਲਾਜ਼ਮੀ ਟਾਸਕ ਹੁੰਦਾ ਹੈ ਜੋ ਉਸ ਕੋਰਸ ਲਈ ਵਿਦਿਆਰਥੀ ਦੇ ਸਕੂਲ-ਅਧਾਰਿਤ ਮੁਲਾਂਕਣ ਦਾ 15 ਪ੍ਰਤੀਸ਼ਤ ਹੁੰਦਾ ਹੈ। |
| **VET ਯੋਗਤਾਵਾਂ** | ਵਿਦਿਆਰਥੀ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (VET) ਯੋਗਤਾ ਪੂਰੀ ਕਰਦੇ ਹਨ। VET ਕੰਮ ਵਾਲੀ ਥਾਂ 'ਤੇ ਅਤੇ ਕੰਮ ਵਾਲੀ ਥਾਂ ਲਈ ਹੁਨਰ ਅਤੇ ਗਿਆਨ ਦਾ ਨਿਰਮਾਣ ਕਰਦਾ ਹੈ। ਵਿਦਿਆਰਥੀ VET ਯੋਗਤਾਵਾਂ ਦੀ ਵਰਤੋਂ ਵੈਸਟਰਨ ਆਸਟ੍ਰੇਲੀਅਨ ਸਰਟੀਫ਼ਿਕੇਟ ਆਫ਼ ਐਜੂਕੇਸ਼ਨ (WACE) ਵਿੱਚ ਗਿਣੇ ਜਾਣ ਲਈ ਕਰ ਸਕਦੇ ਹਨ। |

D23/0255360
February 2023

CC BY
Exclusions may apply

| | |
|---|---|
| **ਸਮਰਥਨ ਪ੍ਰਾਪਤ ਪ੍ਰੋਗਰਾਮ** | ਸਮਰਥਨ ਪ੍ਰਾਪਤ ਪ੍ਰੋਗਰਾਮ WACE ਕੋਰਸਾਂ ਜਾਂ VET ਪ੍ਰੋਗਰਾਮਾਂ ਦੁਆਰਾ ਕਵਰ ਨਹੀਂ ਕੀਤੀਆਂ ਗਈਆਂ ਗਤੀਵਿਧੀਆਂ ਦੁਆਰਾ ਸਿੱਖਣ ਦੀ ਪੇਸ਼ਕਸ਼ ਕਰਦੇ ਹਨ। ਸਮਰਥਨ ਪ੍ਰਾਪਤ ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਲਈ ਹਨ ਜੋ ਉਨ੍ਹਾਂ ਪ੍ਰੋਗਰਾਮਾਂ ਵਿੱਚ ਭਾਗ ਲੈਣਾ ਚਾਹੁੰਦੇ ਹਨ ਜੋ ਸਕੂਲਾਂ, ਕਾਰਜ ਸਥਾਨਾਂ, ਯੂਨੀਵਰਸਿਟੀਆਂ ਅਤੇ ਕਮਿਊਨਿਟੀ ਸੰਸਥਾਵਾਂ ਦੁਆਰਾ ਵਿਭਿੰਨ ਸੈਟਿੰਗਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ। ਸਮਰਥਨ ਪ੍ਰਾਪਤ ਪ੍ਰੋਗਰਾਮਾਂ ਨੂੰ ਸਕੂਲੀ ਪਾਠਕ੍ਰਮ ਦੇ ਹਿੱਸੇ ਵਜੋਂ ਜਾਂ  ਪਾਠਕ੍ਰਮ ਤੋਂ ਇਲਾਵਾ ਵਾਧੂ ਗਤੀਵਿਧੀਆਂ ਦੇ ਤੌਰ 'ਤੇ ਕਰਵਾਇਆ ਜਾ ਸਕਦਾ ਹੈ ਅਤੇ ਵਿਦਿਆਰਥੀ WACE ਵਿੱਚ ਗਿਣਨ ਲਈ ਉਨ੍ਹਾਂ ਦੀ ਵਰਤੋਂ ਕਰ ਸਕਦੇ ਹਨ। |
| **ਸ਼ੁਰੂਆਤੀ ਕੋਰਸ** | ਸ਼ੁਰੂਆਤੀ ਕੋਰਸ ਉਹਨਾਂ ਵਿਦਿਆਰਥੀਆਂ ਲਈ ਤਿਆਰ ਕੀਤੇ ਗਏ ਹਨ ਜਿਨ੍ਹਾਂ ਦੀ ਪਛਾਣ ਸਿੱਖਣ ਵਿੱਚ ਸਮੱਸਿਆਵਾਂ ਅਤੇ/ਜਾਂ ਬੌਧਿਕ ਅਸਮਰੱਥਤਾ ਵਜੋਂ ਕੀਤੀ ਗਈ ਹੈ। ਇਹ ਕੋਰਸ ਉਹਨਾਂ ਵਿਦਿਆਰਥੀਆਂ ਲਈ ਵਿਕਲਪ ਪ੍ਰਦਾਨ ਕਰਦੇ ਹਨ ਜੋ ਫੇਰ-ਬਦਲ ਕੀਤੇ ਜਾਣ ਅਤੇ/ਜਾਂ ਅਪਾਹਜਤਾ ਪ੍ਰਬੰਧਾਂ ਦੇ ਨਾਲ ATAR, ਜਨਰਲ ਜਾਂ ਫਾਊਂਡੇਸ਼ਨ ਕੋਰਸ ਸਮੱਗਰੀ ਤੱਕ ਨਹੀਂ ਪਹੁੰਚ ਸਕਦੇ ਹਨ।<br>ਸ਼ੁਰੂਆਤੀ ਯੂਨਿਟਾਂ WACE ਪ੍ਰਾਪਤੀ ਵਿੱਚ ਯੋਗਦਾਨ ਨਹੀਂ ਪਾਉਂਦੀਆਂ ਹਨ। |


D23/0255360
February 2023
Exclusions may apply